ਸਸਤੀਆਂ ਹਵਾਈ ਟਿਕਟਾਂ 905-595-1700
ਵਕੀਲ ਦੀ ਲੋੜ ? 905-362-0755
Line of Credit Fix Bad Credit Get OSAP Loan 416-816-8500
Cleaning Home/Off 647-854-9038
ਮਰਦਾਨਾ ਕਮਜ਼ੋਰੀ 416-992-5489
ਸਫ਼ਾਈ ਕਰਾਓ ਘਰ ਜਾਂ ਆਫ਼ਿਸ 647-854-9038
ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਸਸਤੀਆਂ ਹਵਾਈ ਟਿਕਟਾਂ 905-456-9977 24/7 SERVICE

September ਤਕ UK ਦੇਵੇਗਾ ਫ਼ਿਲਿਸਤੀਨ ਨੂੰ ਦੇਸ਼ ਵਜੋਂ ਮਾਨਤਾ

ਲੰਡਨ: ਫ਼ਿਲਿਸਤੀਨ ਨੂੰ ਇੱਕ ਸੁਤੰਤਰ ਰਾਸ਼ਟਰ ਲਈ ਆਪਣੀ ਲੜਾਈ 'ਚ ਇੱਕ ਹੋਰ ਸਫ਼ਲਤਾ ਮਿਲ ਸਕਦੀ ਹੈ। ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕਿਹਾ ਕਿ ਬ੍ਰਿਟੇਨ ਸਤੰਬਰ 'ਚ ਇੱਕ ਆਜ਼ਾਦ ਫ਼ਿਲਿਸਤੀਨੀ ਦੇਸ਼ ਨੂੰ ਮਾਨਤਾ ਦੇ ਦੇਵੇਗਾ ਜੇਕਰ ਇਜ਼ਰਾਇਲ ਗ਼ਾਜ਼ਾ 'ਚ ਜੰਗਬੰਦੀ ਲਈ ਸਹਿਮਤ ਨਾ ਹੋਇਆ ਅਤੇ ਲੰਬੇ ਸਮੇਂ ਦੀ ਸ਼ਾਂਤੀ ਵੱਲ ਕਦਮ ਨਾ ਚੁੱਕੇ।

ਇਹ ਇਜ਼ਰਾਇਲੀ ਪ੍ਰਧਾਨ ਮੰਤਰੀ ਨੇਤਨਯਾਹੂ ਨੂੰ ਜੰਗਬੰਦੀ ਲਈ ਦਿੱਤੀ ਗਈ ਧਮਕੀ ਵਾਂਗ ਹੈ ਜਿਸ 'ਚ ਸਟਾਰਮਰ ਨੇ ਸਪੱਸ਼ਟ ਕੀਤਾ ਕਿ ਜੇ ਗ਼ਾਜ਼ਾ 'ਚ ਜੰਗਬੰਦੀ ਨਹੀਂ ਹੁੰਦੀ ਤਾਂ ਬ੍ਰਿਟੇਨ ਫ਼ਿਲਿਸਤੀਨ ਨੂੰ ਮਾਨਤਾ ਦੇਵੇਗਾ। ਸਟਾਰਮਰ ਨੇ ਗ਼ਾਜ਼ਾ ਦੀ ਸਥਿਤੀ 'ਤੇ ਚਰਚਾ ਕਰਨ ਲਈ ਮੰਤਰੀਆਂ ਨੂੰ ਇੱਕ ਦੁਰਲੱਭ ਗਰਮੀਆਂ ਦੀ ਕੈਬਨਿਟ ਮੀਟਿੰਗ ਲਈ ਬੁਲਾਇਆ ਸੀ ਜਿਸ 'ਚ ਗ਼ਾਜ਼ਾ ਦੇ ਮੁੱਦਿਆਂ 'ਤੇ ਚਰਚਾ ਕੀਤੀ ਗਈ।

ਸਟਾਰਮਰ ਨੇ ਕਿਹੜੀ ਸ਼ਰਤ ਰੱਖੀ: ਸਟਾਰਮਰ ਨੇ ਮੰਤਰੀਆਂ ਨੂੰ ਦੱਸਿਆ ਕਿ ਬ੍ਰਿਟੇਨ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ ਸਾਹਮਣੇ ਫ਼ਿਲਿਸਤੀਨੀ ਰਾਜ ਨੂੰ ਮਾਨਤਾ ਦੇਵੇਗਾ, "ਜਦੋਂ ਤਕ ਇਜ਼ਰਾਈਲੀ ਸਰਕਾਰ ਗ਼ਾਜ਼ਾ 'ਚ ਭਿਆਨਕ ਸਥਿਤੀ ਨੂੰ ਖ਼ਤਮ ਕਰਨ ਲਈ ਠੋਸ ਕਦਮ ਨਹੀਂ ਚੁੱਕਦੀ, ਜੰਗਬੰਦੀ 'ਤੇ ਨਹੀਂ

ਪਹੁੰਚਦੀ, ਇਹ ਸਪੱਸ਼ਟ ਨਹੀਂ ਕਰਦੀ ਕਿ ਵੈਸਟਬੈਂਕ 'ਤੇ ਕੋਈ ਕਬਜ਼ਾ ਨਹੀਂ ਹੋਵੇਗਾ, ਅਤੇ ਇੱਕ ਲੰਬੇ ਸਮੇਂ ਦੀ ਸ਼ਾਂਤੀ ਪ੍ਰਕਿਰਿਆ ਲਈ ਵਚਨਬੱਧ ਹੈ ਜੋ ਦੋ-ਰਾਜੀ ਹੱਲ ਪ੍ਰਦਾਨ ਕਰੇਗੀ।"

ਬ੍ਰਿਟੇਨ ਲੰਬੇ ਸਮੇਂ ਤੋਂ ਇਜ਼ਰਾਇਲ ਦੇ ਨਾਲ ਇੱਕ ਸੁਤੰਤਰ ਫ਼ਿਲਿਸਤੀਨੀ ਰਾਜ ਦੇ ਵਿਚਾਰ ਦਾ ਸਮਰਥਨ ਕਰਦਾ ਆਇਆ ਹੈ, ਪਰ ਉਸ ਨੇ ਕਿਹਾ ਹੈ ਕਿ ਮਾਨਤਾ ਨੂੰ ਟਕਰਾਅ ਦੇ ਗੱਲਬਾਤ ਵਾਲੇ ਦੋ-ਰਾਜੀ ਹੱਲ ਦੇ ਹਿੱਸੇ ਵਜੋਂ ਮਿਲਣਾ ਚਾਹੀਦਾ ਹੈ।

ਮੈਕਰੋਂ ਪਹਿਲਾਂ ਹੀ ਕਰ ਚੁੱਕੇ ਹਨ ਐਲਾਨ: ਫ਼ਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਪਹਿਲਾਂ ਐਲਾਨ ਕਰ ਚੁੱਕੇ ਹਨ ਕਿ ਉਹ ਸਤੰਬਰ 'ਚ ਫ਼ਿਲਿਸਤੀਨੀ ਰਾਜ ਨੂੰ ਮਾਨਤਾ ਦੇਣਗੇ। ਓਦੋਂ ਤੋਂ ਹੀ ਫ਼ਿਲਿਸਤੀਨੀ ਰਾਜ ਨੂੰ ਰਸਮੀ ਤੌਰ 'ਤੇ ਮਾਨਤਾ ਦੇਣ ਲਈ ਦਬਾਅ ਵਧਿਆ ਹੈ। ਇਜ਼ਰਾਇਲੀ ਨਸਲਕੁਸ਼ੀ ਦੇ ਮੱਦੇਨਜ਼ਰ ਯੌਰਪੀਅਨ ਦੇਸ਼ਾਂ 'ਚ ਵਿਰੋਧ ਪ੍ਰਦਰਸ਼ਨ ਵੱਧ ਰਹੇ ਹਨ ਅਤੇ ਸਰਕਾਰਾਂ 'ਤੇ ਦਬਾਅ ਵੱਧ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਵੀ ਮੰਨਿਆ ਹੈ ਕਿ ਗ਼ਾਜ਼ਾ 'ਚ ਲੋਕ ਭੁੱਖ ਨਾਲ ਮਰ ਰਹੇ ਹਨ, ਅਤੇ ਇਜ਼ਰਾਇਲ ਤੋਂ ਮਨੁੱਖੀ ਸਹਾਇਤਾ ਦੀ ਬੇਨਤੀ ਕੀਤੀ ਹੈ।

15 ਵਾਰ IVF ਫ਼ੇਲ੍ਹ ਹੋਣ ਮਗਰੋਂ 19 ਦੀ ਮਦਦ ਨਾਲ 19 ਸਾਲ ਬਾਅਦ ਬਣੇਗੀ ਮਾਂ

ਨਿਊ ਯੌਰਕ: ਇਹ ਕਹਾਣੀ ਹੈ ਇੱਕ ਅਜਿਹੇ ਜੋੜੇ ਦੀ ਜਿਸ ਨੇ 19 ਸਾਲ ਤਕ ਬੱਚਾ ਹੋਣ ਦੀ ਉਮੀਦ ਨਾ ਛੱਡੀ। 15 ਵਾਰ **IVF** (ਇਨ ਵਿੱਟਰੋ ਫ਼ਰਟੀਲਾਈਜੇਸ਼ਨ) ਦੀਆਂ ਕੋਸ਼ਿਸ਼ਾਂ ਅਸਫ਼ਲ ਰਹੀਆਂ ਪਰ ਉਹ ਹਾਰੇ ਨਹੀਂ। ਆਖਿਰਕਾਰ ਆਰਟੀਫ਼ੀਸ਼ੀਅਲ ਇੰਟੈਲੀਜੈਂਸ (**AI**) ਨੇ ਉਹ ਕਰ ਦਿਖਾਇਆ ਜੋ ਡਾਕਟਰ ਅਤੇ ਵਿਗਿਆਨੀ ਸਾਲਾਂ ਤੋਂ ਨਹੀ ਸਨਂ ਕਰ ਸਕੇ।

ਇਹ ਜੋੜਾ ਲੰਬੇ ਸਮੇਂ ਤੋਂ ਮਾਪੇ ਬਣਨ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਦੀ ਹਰ ਕੋਸ਼ਿਸ਼ ਵਿਫ਼ਲ ਰਹੀ। ਜਾਂਚ ਕਰਨ 'ਤੇ ਪਤਾ ਲੱਗਾ ਕਿ ਪਤੀ ਨਾਮ ਦੀ ਗੰਭੀਰ ਸਮੱਸਿਆ ਤੋਂ ਪੀੜਤ ਹੈ। ਇਸ ਰੋਗ 'ਚ ਸ਼ੁਕਰਾਣੂਆਂ ਦੀ ਗਿਣਤੀ ਬਹੁਤ ਹੀ ਘੱਟ ਜਾਂ ਨਾ ਦੇ ਬਰਾਬਰ ਹੁੰਦੀ ਹੈ।

Columbia University Fertility Center ਨੇ ਸਟਾਰ (**Sperm Tracking**) ਨਾਮਕ ਇੱਕ ਤਕਨੀਕ ਵਿਕਸਿਤ ਕੀਤੀ। ਇਹ ਤਕਨੀਕ ਛੋਟੇ ਤੋਂ ਛੋਟੇ ਲੁਕੇ ਹੋਏ

ਸ਼ੁਕਰਾਣੂਆਂ ਨੂੰ ਵੀ ਖੋਜ ਲੈਂਦੀ ਹੈ ਅਤੇ ਇੱਕ ਖਾਸ ਮਸ਼ੀਨ ਰਾਹੀਂ ਉਨ੍ਹਾਂ ਨੂੰ ਬਾਹਰ ਕਢਦੀ ਹੈ। ਜਦੋਂ ਲੈਬ ਟੈਕਨੀਸ਼ਨ ਨੂੰ ਦੋ ਦਿਨ ਤਕ ਖੋਜ ਕਰਨ 'ਤੇ ਵੀ ਕੋਈ ਨਤੀਜਾ ਨਹੀਂ ਲੱਭਿਆ ਤਾਂ **AI** ਨੇ ਸਿਰਫ਼ ਇੱਕ ਘੰਟੇ 'ਚ 44 ਸ਼ੁਕਰਾਣੂ ਲੱਭ ਲਏ ਜਿਨ੍ਹਾਂ 'ਚੋਂ ਤਿੰਨ **IVF** ਲਈ ਯੋਗ ਸਾਬਿਤ ਹੋਏ। ਇਹ ਪਹਿਲੀ ਵਾਰ ਸੀ ਜਦੋਂ **AI** ਦੀ ਮਦਦ ਨਾਲ ਇਹ ਤਕਨੀਕ ਵਰਤੀ ਗਈ। ਉਸ ਤੋਂ ਬਾਅਦ **IVF** ਰਾਹੀਂ ਸਫ਼ਲ ਭਰੂਣ ਬਣਾਇਆ ਗਿਆ ਅਤੇ ਔਰਤ ਗਰਭਵਤੀ ਹੋ ਗਈ। ਉਮੀਦ ਹੈ ਕਿ ਡਲਿਵਰੀ ਦਸੰਬਰ 2025 'ਚ ਹੋਵੇਗੀ।

ਇਹ ਕੇਸ **Azoospermia** ਗੰਭੀਰ ਮਰਦਾਨਾ ਬਾਂਝਪਨ ਦੀ ਸਮੱਸਿਆ ਲਈ ਉਮੀਦ ਦੀ ਕਿਰਨ ਬਣ ਕੇ ਸਾਹਮਣੇ ਆਇਆ ਹੈ। ਆਰਟੀਫ਼ੀਸ਼ੀਅਲ ਇੰਟੈਲੀਜੈਂਸ ਨੇ ਸਿੱਧ ਕਰ ਦਿੱਤਾ ਕਿ **IVF** ਦੀਆਂ ਪੁਰਾਣੀਆਂ ਅਸਫ਼ਲਤਾਵਾਂ ਤੋਂ ਉਪਰ ਜਾ ਕੇ ਨਵੇਂ ਰਸਤੇ ਖੋਲ੍ਹੇ ਜਾ ਸਕਦੇ ਹਨ। ਹੁਣ ਅਨੇਕਾਂ ਅਜਿਹੇ ਜੋੜੇ ਜਿਨ੍ਹਾਂ ਨੇ ਮਾਪੇ ਬਣਨ ਦੀ ਉਮੀਦ ਬਿਲਕੁਲ ਛੱਡ ਦਿੱਤੀ ਸੀ, ਉਨ੍ਹਾਂ ਦੇ ਜੀਵਨ 'ਚ ਨਵੀਂ ਰੌਸ਼ਨੀ ਜਗੀ ਹੈ।